# ਪੀ ਏ ਯੂ ਦੀਆਂ ਕਣਕ ਦੀਆਂ ਨਵੀਆਂ ਕਿਸਮਾਂ ਪੀ ਬੀ ਡਬਲਯੂ ਜ਼ਿੰਕ 2, ਪੀ ਬੀ ਡਬਲਯੂ ਆਰ ਐਸ 1 ਸਿਹਤ ਲਈ ਲਾਭਦਾਇਕ

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ), ਲੁਧਿਆਣਾ ਨੇ ਕਣਕ ਦੀਆਂ 2 ਨਵੀਆਂ ਕਿਸਮਾਂ ਤਿਆਰ ਕੀਤੀਆਂ ਹਨ ਜਿਹੜੀਆਂ ਕਿ ਮਨੁੱਖੀ ਸਿਹਤ ਲਈ ਕਾਫ਼ੀ ਲਾਭਦਾਇਕ ਹਨ। ਇਹ ਕਿਸਮਾਂ ਹਨ ਪੀ ਬੀ ਡਬਲਯੂ ਜ਼ਿੰਕ 2 ਅਤੇ ਪੀ ਬੀ ਡਬਲਯੂ ਆਰ ਐਸ 1।

ਪੀ ਬੀ ਡਬਲਯੂ ਜ਼ਿੰਕ 2 ਵਿੱਚ ਜ਼ਿੰਕ ਦੀ ਮਾਤਰਾ ਵੱਧ ਹੈ ਜਿਹੜੀ ਕਿ ਮਨੁੱਖਾਂ ਦੀ ਖੁਰਾਕ ਦੇ ਲਈ ਇੱਕ ਜ਼ਰੂਰੀ ਤੱਤ ਹੈ। ਇਸ ਕਿਸਮ ਦਾ ਔਸਤ ਕੱਦ 100 ਸੈਂਟੀਮੀਟਰ ਹੈ ਅਤੇ ਇਹ 154 ਦਿਨਾਂ ਵਿੱਚ ਵਾਢੀ ਲਈ ਤਿਆਰ ਹੋ ਜਾਂਦੀ ਹੈ।

ਪੀ ਬੀ ਡਬਲਯੂ ਜ਼ਿੰਕ 2 ਪੀਲੀ ਅਤੇ ਭੂਰੀ ਕੁੰਗੀ ਦੋਵੇਂ ਬਿਮਾਰੀਆਂ ਦਾ ਟਾਕਰਾ ਕਰਦੀ ਹੈ। ਇਸਦਾ ਔਸਤ ਝਾੜ 23 ਕੁਇੰਟਲ ਪ੍ਰਤੀ ਏਕੜ ਹੈ।

ਪੀ ਬੀ ਡਬਲਯੂ ਆਰ ਐਸ 1 ਕਿਸਮ ਵਿੱਚ ਰਜ਼ਿਸਟੈਂਟ ਸਟਾਰਚ ਦੀ ਮਾਤਰਾ ਨੂੰ ਵਧਾਇਆ ਗਿਆ ਹੈ ਜਿਸਦਾ ਆਟਾ ਖਾਣ ਨਾਲ ਖੂਨ ਵਿੱਚ ਸ਼ੂਗਰ ਦਾ ਪੱਧਰ ਨਹੀਂ ਵਧਦਾ ਕਿਉਂਕਿ ਇਹ ਵਿੱਚ ਫਾਈਬਰ ਜਾਂ ਰੇਸ਼ੇ ਦੇ ਤੌਰ 'ਤੇ ਕੰਮ ਕਰਦਾ ਹੈ।

ਇਸ ਕਿਸਮ ਦਾ ਔਸਤ ਕੱਦ 87 ਸੈਂਟੀਮੀਟਰ ਹੈ ਅਤੇ ਇਹ 146 ਦਿਨਾਂ ਵਿੱਚ ਵਾਢੀ ਲਈ ਤਿਆਰ ਹੋ ਜਾਂਦੀ ਹੈ।

ਪੀ ਬੀ ਡਬਲਯੂ ਆਰ ਐਸ 1 ਕਿਸਮ ਪੀਲੀ ਕੁੰਗੀ ਦਾ ਟਾਕਰਾ ਕਰਦੀ ਹੈ ਅਤੇ ਭੂਰੀ ਕੁੰਗੀ ਦਾ ਕਾਫ਼ੀ ਹੱਦ ਤੱਕ ਮੁਕਾਬਲਾ ਕਰਦੀ ਹੈ। ਇਸਦਾ ਔਸਤ ਝਾੜ 17.1 ਕੁਇੰਟਲ ਪ੍ਰਤੀ ਏਕੜ ਹੈ। ਇਸਦੀ ਬਿਜਾਈ ਨਵੰਬਰ ਦੇ ਦੂਜੇ ਤੋਂ ਚੌਥੇ ਹਫ਼ਤੇ ਤੱਕ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ।